## ਐੱਮ. ਏ (ਪੰਜਾਬੀ)

### ਉਦੇਸ਼

ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਵਿੱਚ ਚੱਲ ਰਹੀ ਐੱਮ.ਏ. ਪੰਜਾਬੀ ਦਾ ਪ੍ਰਮੁੱਖ ਉਦੇਸ਼ ਸਾਹਿਤ, ਭਾਸ਼ਾ ਅਤੇ ਸਭਿਆਚਾਰ ਦੀ ਮਹੱਤਤਾ ਨੂੰ ਦਰਸਾਉਣਾ ਹੈ। ਇਹ ਮਹੱਤਤਾ ਪੰਜਾਬੀ ਭਾਸ਼ਾ ਦੀ ਵੱਖੋ-ਵੱਖਰੇ ਅਨੁਸ਼ਾਸ਼ਨਾਂ ਵਿਚ ਵੰਨਸੁਵੰਨਤਾ ਅਤੇ ਸਾਰਥਕਤਾ ਨੂੰ ਪੇਸ਼ ਕਰਦੀ ਹੈ। ਪੰਜਾਬੀ ਭਾਸ਼ਾ ਪੰਜਾਬੀ ਸਮਾਜ-ਸਭਿਆਚਾਰ ਦੇ ਸਰਬਪੱਖੀ ਵਿਕਾਸ ਦਾ ਧੁਰਾ ਹੈ। ਇਸ ਵਿਕਾਸ ਦੀ ਪ੍ਰਕਿਰਿਆ ਨੂੰ ਅੱਗੇ ਗਤੀਸ਼ੀਲ ਰੱਖਣ ਲਈ ਐੱਮ.ਏ. ਪੰਜਾਬੀ ਦਾ ਪ੍ਰਮੁੱਖ ਉਦੇਸ਼ ਪੇਂਡੂ ਅਤੇ ਸਮਾਜਿਕ ਪੱਖੋਂ ਪੱਛੜੇ ਵਰਗਾਂ ਨੂੰ ਭਾਸ਼ਾ ਦੇ ਮਾਧਿਅਮ ਰਾਹੀਂ ਰੁਜ਼ਗਾਰ ਮੁਹੱਈਆ ਕਰਵਾਉਣ ਅਤੇ ਵਿਦਿਆਰਥੀਆਂ ਦੇ ਬਹੁਪੱਖੀ ਵਿਕਾਸ ਲਈ ਉਨ੍ਹਾਂ ਨੂੰ ਵਿੱਦਿਅਕ, ਸਭਿਆਚਾਰਕ, ਸਮਾਜਿਕ ਅਤੇ ਕਲਾਤਮਕਤਾ ਦੀਆਂ ਵਿਭਿੰਨ ਗਤੀਵਿਧੀਆਂ ਰਾਹੀਂ ਸਿੱਖਿਅਤ ਕਰਨ ਦੇ ਨਾਲ- ਨਾਲ ਨੈਤਿਕ ਤੇ ਸਮਾਜਿਕ ਮੁੱਲਾਂ ਵਾਲੀ ਜੀਵਨ-ਜਾਂਚ ਸਿਖਾਉਣਾ ਵੀ ਹੈ।

### ਪ੍ਰਸੰਗਿਕਤਾ

ਐੱਮ.ਏ. (ਪੰਜਾਬੀ) ਵਿਸ਼ਵੀਕਰਣ ਦੇ ਯੁੱਗ ਵਿੱਚ ਸਾਹਿਤ ਅਤੇ ਭਾਸ਼ਾ ਦੇ ਖੇਤਰ ਰਾਹੀਂ ਬਹੁਤ ਸਾਰੇ ਰੁਜ਼ਗਾਰ

ਦੇ ਮੌਕੇ ਪੈਦਾ ਕਰਦੀ ਹੈ, ਜਿਸ ਨਾਲ ਵਿਦਿਆਰਥੀ ਆਪਣਾ ਸਵੈ-ਨਿਰਭਰ ਅਤੇ ਸੁਹਜਮਈ ਜੀਵਨ ਜੀਅ ਸਕਦਾ ਹੈ । ਐੱਮ.ਏ. (ਪੰਜਾਬੀ) ਦੀ ਪ੍ਰਸੰਗਿਕਤਾ ਇਸ ਤੱਥ ਵਿੱਚ ਵੀ ਦੇਖੀ ਜਾ ਸਕਦੀ ਹੈ ਕਿ ਸਾਹਿਤ ਦਾ ਵਿਦਿਆਰਥੀ ਸਮਾਜ ਵਿਚ ਆਪਣੀ ਸਾਰਥਕ ਭੂਮਿਕਾ ਗਿਆਨ ਅਤੇ ਹੁਨਰ ਨੂੰ ਸੁਧਾਰਨ ਲਈ ਲਗਾਉਂਦਾ ਹੈ। ਇਸ ਲਈ ਐੱਮ.ਏ. (ਪੰਜਾਬੀ) ਦਾ ਪਾਠਕ੍ਰਮ ਵਿਸ਼ਵੀਕਰਣ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖਦੇ ਹੋਏ ਅੰਤਰ-ਅਨੁਸ਼ਾਸਨੀ ਵਿਧੀ, ਨਵੀਂ ਸਿੱਖਿਆ ਨੀਤੀ, ਸਮਾਜਿਕ, ਨੈਤਿਕ ਅਤੇ ਹੁਨਰ ਵਧਾਉਣ ਵਾਲੇ ਗਿਆਨ ਨੂੰ ਯਕੀਨੀ ਬਣਾਉਣ ਲਈ ਤਿਆਰ ਕੀਤਾ ਗਿਆ ਹੈ। ਇਸ ਪਾਠਕ੍ਰਮ ਦਾ ਕੇਂਦਰ ਆਸਾਨ ਪਹੁੰਚਯੋਗਤਾ ਅਤੇ ਪ੍ਰਭਾਵਸ਼ਾਲੀ ਆਬਾਦੀ ਦੇ ਵੱਡੇ ਹਿੱਸਿਆਂ ਲਈ ਪੇਂਡੂ ਪੱਧਰ ਤੇ ਇਸਦਾ ਫਾਇਦਾ ਉਠਾਉਣ ਵਾਸਤੇ ਸੁਵਿਧਾਜਨਕ ਸੰਚਾਰ ਪ੍ਰਣਾਲੀ ਦਾ ਨਿਰਮਾਣ ਕਰਨਾ ਹੈ। ਇਹ ਕੋਰਸ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਨਿੱਜੀ, ਪੇਸ਼ੇਵਰ ਅਤੇ ਸਮਾਜਿਕ ਖੇਤਰਾਂ ਵਿੱਚ ਆਉਣ ਵਾਲੀਆਂ ਚੁਣੌਤੀਆਂ ਨਾਲ ਸਫ਼ਲਤਾ ਪੂਰਵਕ ਨਜਿੱਠਣ ਲਈ ਸਮਰੱਥ ਬਣਾਉਂਦਾ ਹੈ। ਐੱਮ.ਏ. (ਪੰਜਾਬੀ) ਕਰਨ ਦੇ ਨਾਲ ਵਿਦਿਆਰਥੀ ਨਾ ਸਿਰਫ਼ ਆਪਣੇ ਕੰਮ ਪ੍ਰਤੀ, ਸਗੋਂ ਆਪਣੇ ਜੀਵਨ ਪ੍ਰਤੀ ਵੀ ਸੰਤੁਸ਼ਟੀ ਦੀ ਭਾਵਨਾ ਨੂੰ ਮਹਿਸੂਸ ਕਰਦਾ ਹੈ।

**Course Scheme**

| Semester-I | | | | | | |
|---|---|---|---|---|---|---|
| **S. No.** | **Name of Course** | **Course Code** | **Internal Marks** | **External Marks** | **Total Marks** | **Credits** |
| 1 | ਗੁਰਮਤਿ ਕਾਵਿ | PBIM21101T | 30 | 70 | 100 | 4 |
| 2 | ਪੰਜਾਬੀ ਸੂਫ਼ੀ ਕਾਵਿ | PBIM21102T | 30 | 70 | 100 | 4 |
| 3 | ਸਾਹਿਤ ਸਿਧਾਂਤ ਅਤੇ ਭਾਰਤੀ ਕਾਵਿ ਸ਼ਾਸਤਰ | PBIM21103T | 30 | 70 | 100 | 4 |
| 4 | ਲੋਕਧਾਰਾ ਵਿਗਿਆਨ ਅਤੇ ਪੰਜਾਬੀ ਲੋਕਧਾਰਾ | PBIM21104T | 30 | 70 | 100 | 4 |
| 5 | ਮੱਧਕਾਲੀਨ ਪੰਜਾਬੀ ਵਾਰਤਕ | PBIM21105T | 30 | 70 | 100 | 4 |
| **Total** | | | **150** | **350** | **500** | **20** |

| Semester-II | | | | | | |
|---|---|---|---|---|---|---|
| **S. No.** | **Name of Course** | **Course Code** | **Internal Marks** | **External Marks** | **Total Marks** | **Credits** |
| 1 | ਭਗਤੀ ਸਾਹਿਤ | PBIM21206T | 30 | 70 | 100 | 4 |
| 2 | ਪੰਜਾਬੀ ਕਿੱਸਾ ਤੇ ਬਿਰਤਾਂਤ ਕਾਵਿ | PBIM21207T | 30 | 70 | 100 | 4 |

| | | | | | | |
|---|---|---|---|---|---|---|
| 3 | ਪੰਜਾਬੀ ਆਲੋਚਨਾ | PBIM21208T | 30 | 70 | 100 | 4 |
| 4 | ਪੰਜਾਬੀ ਸਭਿਆਚਾਰ | PBIM21209T | 30 | 70 | 100 | 4 |
| 5 | ਆਧੁਨਿਕ ਪੰਜਾਬੀ ਵਾਰਤਕ | PBIM21210T | 30 | 70 | 100 | 4 |
| **Total** | | | **150** | **350** | **500** | **20** |

**Semester-III**

| S. No. | Name of Course | Course Code | Internal Marks | External Marks | Total Marks | Credits |
|---|---|---|---|---|---|---|
| 1 | ਆਧੁਨਿਕ ਪੰਜਾਬੀ ਕਵਿਤਾ (1960 ਤੱਕ) | PBIM21311T | 30 | 70 | 100 | 4 |
| 2 | ਪੰਜਾਬੀ ਨਾਵਲ | PBIM21312T | 30 | 70 | 100 | 4 |
| 3 | ਭਾਸ਼ਾ ਅਤੇ ਭਾਸ਼ਾ ਵਿਗਿਆਨ | PBIM21313T | 30 | 70 | 100 | 4 |
| 4 | ਪੰਜਾਬੀ ਨਾਟਕ ਅਤੇ ਰੰਗਮੰਚ | PBIM21314T | 30 | 70 | 100 | 4 |
| 5 | ਪਰਵਾਸੀ ਪੰਜਾਬੀ ਸਾਹਿਤ | PBIM21315T | 30 | 70 | 100 | 4 |
| **Total** | | | **150** | **350** | **500** | **20** |

**Semester-IV**

| S. No. | Name of Course | Course Code | Internal Marks | External Marks | Total Marks | Credits |
|---|---|---|---|---|---|---|
| 1 | ਆਧੁਨਿਕ ਪੰਜਾਬੀ ਕਵਿਤਾ (1960 ਤੋਂ ਬਾਅਦ) | PBIM21416T | 30 | 70 | 100 | 4 |
| 2 | ਪੰਜਾਬੀ ਨਿੱਕੀ ਕਹਾਣੀ | PBIM21417T | 30 | 70 | 100 | 4 |
| 3 | ਪੰਜਾਬੀ ਭਾਸ਼ਾ ਤੇ ਗੁਰਮੁਖੀ ਆਰਥੋਗਰਾਫ਼ੀ | PBIM21418T | 30 | 70 | 100 | 4 |
| 4 | ਪੰਜਾਬੀ ਨਾਟਕ ਤੇ ਰੰਗਮੰਚ | PBIM21419T | 30 | 70 | 100 | 4 |
| 5 | ਪਾਕਿਸਤਾਨੀ ਪੰਜਾਬੀ ਸਾਹਿਤ | PBIM21420T | 30 | 70 | 100 | 4 |
| **Total** | | | **150** | **350** | **500** | **20** |